ਮੁੱਖ ਚੋਣ ਅਫ਼ਸਰ, ਪੰਜਾਬ

ਐੱਸ.ਆਈ.ਆਰ 2026 ਦਾ ਹਿੱਸਾ ਬਣੋ

# SIR
## SPECIAL INTENSIVE REVISION 2026

**ਕੋਈ ਵੀ ਯੋਗ ਵੋਟਰ ਦਾ ਨਾਮ ਸ਼ਾਮਲ ਹੋਣ ਤੋਂ ਰਹਿ ਨਾ ਜਾਵੇ।**
**ਕੋਈ ਵੀ ਅਯੋਗ ਐਂਟਰੀ ਦਰਜ ਨਾ ਹੋਵੇ।**

**ਵਿਸ਼ੇਸ਼ ਗਹਿਰੀ ਸੁਧਾਈ (SIR) 2026 ਹਰ ਇੱਕ ਯੋਗ ਵੋਟਰ ਦੀ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣ ਲਈ, ਘਰ-ਘਰ ਜਾ ਕੇ ਤਸਦੀਕ ਰਾਹੀਂ ਸਹੀ ਅਤੇ ਤਰੁੱਟੀ ਰਹਿਤ ਵੋਟਰ ਸੂਚੀਆਂ ਤਿਆਰ ਕਰਨ ਲਈ ਇੱਕ ਵਿਆਪਕ ਅਭਿਆਸ ਹੈ।**

## ਹਰ ਇੱਕ ਵੋਟਰ ਲਈ ਮਹੱਤਵਪੂਰਨ

**ਕੀ ਤੁਸੀਂ ਪਹਿਲਾਂ ਤੋਂ ਹੀ ਇੱਕ ਨਾਮਜ਼ਦ ਵੋਟਰ ਹੋ?**
ਜੇਕਰ ਤੁਸੀਂ ਪਹਿਲਾ ਹੀ ਵੋਟਰ ਵਜੋਂ ਦਰਜ ਹੋ, ਤਾਂ ਤੁਹਾਨੂੰ ਗਣਨਾ ਫ਼ਾਰਮ ਭਰਨਾ ਅਤੇ ਐੱਸ.ਆਈ.ਆਰ (SIR) ਦਾ ਹਿੱਸਾ ਬਣਨਾ ਲਾਜ਼ਮੀ ਹੈ|

### ਬੀ.ਐੱਲ.ਓ. ਕੀ ਕਰਨਗੇ ?

- ਘਰ-ਘਰ ਗਣਨਾ ਦੇ ਪੜਾਅ ਦੌਰਾਨ ਤੁਹਾਡੇ ਘਰ ਦਾ ਦੌਰਾ ਕਰਨਗੇ।
- ਵੋਟਰਾਂ ਨੂੰ ਗਣਨਾ ਫ਼ਾਰਮ ਦੀਆਂ ਦੋ ਕਾਪੀਆਂ ਮੁਹੱਈਆ ਕਰਵਾਉਣਗੇ ਅਤੇ ਫ਼ਾਰਮ ਭਰਨ ਵਿੱਚ ਉਨ੍ਹਾਂ ਦੀ ਸਹਾਇਤਾ ਕਰਨਗੇ।
- ਭਰੇ ਹੋਏ ਅਤੇ ਦਸਤਖ਼ਤ ਕੀਤੇ ਦੋ ਗਣਨਾ ਫ਼ਾਰਮ ਵਿਚੋਂ ਇੱਕ ਕਾਪੀ ਪ੍ਰਾਪਤ ਕਰਨਗੇ ਅਤੇ ਦੂਜੀ ਕਾਪੀ 'ਤੇ ਰਸੀਦ ਦੇਣਗੇ ।

### ਵੋਟਰ ਨੂੰ ਕੀ ਕਰਨਾ ਚਾਹੀਦਾ ਹੈ?

- ਬੀ.ਐੱਲ.ਓ. ਦੁਆਰਾ ਮੁਹੱਈਆ ਕਰਵਾਏ ਗਏ ਗਣਨਾ ਫ਼ਾਰਮ ਦੀਆਂ ਦੋ ਕਾਪੀਆਂ ਭਰੋ।
- ਇੱਕ ਮੌਜੂਦਾ ਰੰਗੀਨ ਫੋਟੋ ਲਗਾਓ।
- ਫ਼ਾਰਮ ਭਰਨ ਲਈ ਬੀ.ਐੱਲ.ਓ. ਤੋਂ ਮਦਦ ਲਓ।

### ਐੱਸ.ਆਈ.ਆਰ. ਦਾ ਸ਼ਡਿਊਲ

| | |
|---|---|
| ਬੀ.ਐੱਲ.ਓ. ਵੱਲੋਂ ਘਰ-ਘਰ ਦੌਰਾ | 25 ਜੂਨ 2026 ਤੋਂ 24 ਜੁਲਾਈ 2026 |
| ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ | 24 ਜੁਲਾਈ 2026 ਤੱਕ |
| ਡਰਾਫਟ ਵੋਟਰ ਸੂਚੀ ਦਾ ਪ੍ਰਕਾਸ਼ਨ | 03 ਅਗਸਤ 2026 |
| ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਦੀ ਮਿਆਦ | 03 ਅਗਸਤ 2026 ਤੋਂ 02 ਸਤੰਬਰ 2026 |
| ਨੋਟਿਸ ਪੜਾਅ/ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ | 03 ਅਗਸਤ 2026 ਤੋਂ 28 ਸਤੰਬਰ 2026 |
| ਅੰਤਿਮ ਵੋਟਰ ਸੂਚੀ ਦਾ ਪ੍ਰਕਾਸ਼ਨ | 01 ਅਕਤੂਬਰ 2026 |

### ਪਿਛਲੀ ਐੱਸ.ਆਈ.ਆਰ. ਵਿੱਚ ਆਪਣਾ ਨਾਮ ਲੱਭਣ ਲਈ 5 ਪੜਾਅ

1. *voters.eci.gov.in* 'ਤੇ ਜਾਓ।
2. ਐੱਸ.ਆਈ.ਆਰ (SIR) 2026 ਅਧੀਨ *Search Your Name in Last SIR* 'ਤੇ ਕਲਿੱਕ ਕਰੋ।
3. ਖ਼ੋਜ ਕਰਨ ਲਈ ਦੋ ਵਿਕਲਪ ਉਪਲਬਧ ਹਨ:
   - *Search by Elector Details*
   - *Search in Last SIR E-Roll* (PDF ਫਾਈਲ ਪ੍ਰਾਪਤ ਕਰਨ ਲਈ )
4. ਲੋੜੀਂਦੇ ਵੇਰਵੇ ਦਰਜ ਕਰੋ ਜਿਵੇਂ ਕਿ ਆਪਣਾ ਨਾਮ, ਉਮਰ, ਵਿਧਾਨ ਸਭਾ ਹਲਕਾ (ਏ.ਸੀ.), ਪੋਲਿੰਗ ਸਟੇਸ਼ਨ ਦੇ ਵੇਰਵੇ ਆਦਿ
5. 2003 ਦੀ ਚੋਣ ਸੂਚੀ ਵਿਚ ਆਪਣੇ ਵੇਰਵੇ ਦੇਖਣ ਲਈ Search to view your details 'ਤੇ ਕਲਿੱਕ ਕਰੋ

### ਪੰਜਾਬ ਦੇ ਹਰ ਇੱਕ ਵੋਟਰ ਨੂੰ ਅਪੀਲ

- ਗਣਨਾ ਫ਼ਾਰਮ ਸਮੇਂ ਸਿਰ ਭਰੋ, ਦਸਤਖ਼ਤ ਕਰੋ ਅਤੇ ਜਮ੍ਹਾਂ ਕਰਾਓ
- ਗਣਨਾ ਫ਼ਾਰਮ ਵਿੱਚ ਆਪਣਾ ਸਹੀ ਮੋਬਾਇਲ ਨੰਬਰ ਅੱਪਡੇਟ ਕਰੋ
- ਘਰ-ਘਰ ਦੌਰੇ ਦੇ ਪੜਾਅ ਦੌਰਾਨ ਬੀ.ਐੱਲ.ਓਜ਼ ਨਾਲ ਸਹਿਯੋਗ ਕਰੋ

## ਅਕਸਰ ਪੁੱਛੇ ਜਾਣ ਵਾਲੇ ਸਵਾਲ

**ਐੱਸ.ਆਈ.ਆਰ. ਕਰਵਾਉਣਾ ਕਿਉਂ ਜ਼ਰੂਰੀ ਹੈ?**
ਵੋਟਰ ਸੂਚੀਆਂ ਨੂੰ ਸਹੀ, ਸੰਮਲਿਤ ਅਤੇ ਭਰੋਸੇਯੋਗ ਬਣਾਉਣ ਲਈ ਐੱਸ.ਆਈ.ਆਰ. ਮਹੱਤਵਪੂਰਨ ਹੈ। ਹਰ ਇੱਕ ਯੋਗ ਵੋਟਰ ਨੂੰ ਜੋੜਨ, ਡੁਪਲੀਕੇਟ ਜਾਂ ਅਯੋਗ ਐਂਟਰੀਆਂ ਨੂੰ ਹਟਾਉਣ ਅਤੇ ਬੀ.ਐੱਲ.ਓ ਅਤੇ ਬੀ.ਐੱਲ.ਏ. ਦੀ ਸ਼ਮੂਲੀਅਤ ਨਾਲ ਇੱਕ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਹਰੇਕ ਵੋਟਰ ਦੇ ਵੇਰਵਿਆਂ ਦੀ ਪੁਸ਼ਟੀ ਕਰਨ ਵਿੱਚ ਮਦਦ ਕਰਦਾ ਹੈ। ਇਹ ਪ੍ਰਕਿਰਿਆ ਵੋਟਰ ਸੂਚੀਆਂ ਦੀ ਅਖੰਡਤਾ ਮਜ਼ਬੂਤ ਕਰਦੀ ਹੈ, ਜਨਤਾ ਦਾ ਭਰੋਸਾ ਬਣਾਉਂਦੀ ਹੈ ਅਤੇ ਭਾਰਤ ਦੇ ਸੰਵਿਧਾਨ ਦੁਆਰਾ ਨਿਰਧਾਰਤ ਸੁਤੰਤਰ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਂਦੀ ਹੈ।

**ਗਣਨਾ ਫ਼ਾਰਮ ਵਿੱਚ 2003 ਦੀ ਵੋਟਰ ਸੂਚੀ ਮੁਤਾਬਕ ਵੋਟਰ ਦੇ ਆਪਣੇ ਵੋਟ ਜਾਂ ਉਸਦੇ ਰਿਸ਼ਤੇਦਾਰ ਦੇ ਵੋਟ ਦਾ ਵੇਰਵਾ ਦੇਣਾ ਲਾਜ਼ਮੀ ਹੈ। ਜੇ ਵੋਟਰ ਨੂੰ ਇਹ ਵੇਰਵੇ ਯਾਦ ਨਹੀਂ ਹਨ ਤਾਂ ਕੀ ਹੋਵੇਗਾ?**
ਵੋਟਰ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਦੇ ਵੇਰਵੇ *voters.eci.gov.in* 'ਤੇ ਖੋਜੇ ਜਾ ਸਕਦੇ ਹਨ। ਬੀ.ਐੱਲ.ਓ. ਵੋਟਰ ਨੂੰ ਵੇਰਵਿਆਂ ਦਾ ਪਤਾ ਲਗਾਉਣ ਵਿੱਚ ਵੀ ਸਹਾਇਤਾ ਕਰਨਗੇ।

**ਜੇਕਰ ਕਿਸੇ ਵੋਟਰ ਜਾਂ ਉਸਦੇ ਰਿਸ਼ਤੇਦਾਰ ਦੇ ਵੇਰਵੇ 2003 ਦੀ ਵੋਟਰ ਸੂਚੀ ਵਿੱਚ ਨਹੀਂ ਮਿਲਦੇ ਤਾਂ ਕੀ ਹੋਵੇਗਾ ?**
ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਅਜਿਹੇ ਮਾਮਲਿਆਂ ਵਿੱਚ, ਗਣਨਾ ਫ਼ਾਰਮ ਜਮ੍ਹਾ ਕਰਨ ਤੋਂ ਬਾਅਦ, ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ (ERO) ਇੱਕ ਨੋਟਿਸ ਜਾਰੀ ਕਰਨਗੇ ਅਤੇ ਲੋੜੀਂਦੇ ਦਸਤਾਵੇਜ਼ਾਂ ਦੀ ਮੰਗ ਕਰਨਗੇ (**ਸੂਚੀ www.ceopunjab.gov.in 'ਤੇ ਉਪਲਬਧ ਹੈ**)। ਵੋਟਰ ਨੂੰ ਸਿਰਫ਼ ਨੋਟਿਸ ਪੜਾਅ ਦੌਰਾਨ ਲੋੜੀਂਦੇ ਦਸਤਾਵੇਜ਼ ਜਮ੍ਹਾ ਕਰਨ ਦੀ ਲੋੜ ਪਵੇਗੀ, ਜਿਸ ਤੋਂ ਬਾਅਦ ਨਾਮ ਅੰਤਿਮ ਵੋਟਰ ਸੂਚੀ ਵਿੱਚ ਸ਼ਾਮਲ ਕੀਤਾ ਜਾਵੇਗਾ।

**ਜੇਕਰ ਘਰ ਬੰਦ ਪਾਇਆ ਜਾਂਦਾ ਹੈ ਤਾਂ ਕੀ ਹੋਵੇਗਾ ?**
ਬੀ.ਐੱਲ.ਓ. ਘਰ ਦੇ ਦਰਵਾਜ਼ੇ ਹੇਠਾਂ ਗਣਨਾ ਫ਼ਾਰਮ ਛੱਡ ਕੇ ਆਉਣਗੇ ਅਤੇ ਬਾਅਦ ਵਿੱਚ ਫ਼ਾਰਮ ਲੈਣ ਲਈ ਘੱਟੋ-ਘੱਟ 3 ਵਾਰ ਘਰ ਜਾਣਗੇ।

**ਜੇਕਰ ਵੋਟਰ ਘਰ-ਘਰ ਗਣਨਾ ਦੀ ਪੂਰੀ ਮਿਆਦ ਦੌਰਾਨ ਉਪਲਬਧ ਨਹੀਂ ਹੁੰਦਾ ਤਾਂ ਕੀ ਹੋਵੇਗਾ ?**
ਵੋਟਰ ਜਾਂ ਤਾਂ *voters.eci.gov.in* 'ਤੇ ਆਨਲਾਈਨ ਗਣਨਾ ਫ਼ਾਰਮ ਭਰ ਸਕਦਾ ਹੈ ਜਾਂ ਬਾਲਗ ਪਰਿਵਾਰਕ ਮੈਂਬਰ ਗਣਨਾ ਫ਼ਾਰਮ ਭਰਕੇ ਬੀ.ਐੱਲ.ਓ. ਨੂੰ ਦੇ ਸਕਦੇ ਹਨ।

**ਕੀ ਵੋਟਰ ਨੂੰ ਜਮ੍ਹਾਂ ਕਰਵਾਏ ਗਏ ਗਣਨਾ ਫ਼ਾਰਮ ਦੀ ਰਸੀਦ ਮਿਲੇਗੀ?**
ਭਰੇ ਹੋਏ ਦਸਤਖ਼ਤ ਕੀਤੇ ਗਣਨਾ ਫ਼ਾਰਮ ਦੀ ਇੱਕ ਕਾਪੀ ਵੋਟਰ ਦੁਆਰਾ ਆਪਣੇ ਕੋਲ ਰੱਖੀ ਜਾਵੇਗੀ। ਬੀ.ਐੱਲ.ਓ. ਰਸੀਦ ਵਜੋਂ ਗਣਨਾ ਫ਼ਾਰਮ 'ਤੇ ਦਸਤਖ਼ਤ ਕਰਨਗੇ।

**ਕੀ ਕੋਈ ਵਿਅਕਤੀ ਇੱਕ ਤੋਂ ਵੱਧ ਥਾਵਾਂ 'ਤੇ ਵੋਟਰ ਵਜੋਂ ਰਜਿਸਟਰ ਹੋ ਸਕਦਾ ਹੈ?**
ਨਹੀਂ, ਕੋਈ ਵਿਅਕਤੀ ਇੱਕ ਤੋਂ ਵੱਧ ਥਾਵਾਂ 'ਤੇ ਵੋਟਰ ਵਜੋਂ ਰਜਿਸਟਰ ਨਹੀਂ ਹੋ ਸਕਦਾ। ਇਹ ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 31 ਦੇ ਤਹਿਤ ਇੱਕ ਸਜ਼ਾਯੋਗ ਅਪਰਾਧ ਹੈ ਜਿਸ ਵਿੱਚ 01 ਸਾਲ ਤੱਕ ਦੀ ਕੈਦ ਹੋ ਸਕਦੀ ਹੈ, ਜਾਂ ਜੁਰਮਾਨਾ ਜਾਂ ਦੋਵੇਂ।

### ਆਪਣੇ ਬੀ.ਐੱਲ.ਓ. ਨੂੰ ਜਾਣੋ:

*ceopunjab.gov.in 'ਤੇ ਜਾਓ ਅਤੇ Related Links ਸੈਕਸ਼ਨ ਅਧੀਨ "Know your BLO/ERO/DEO" 'ਤੇ ਕਲਿੱਕ ਕਰੋ ਜਾਂ ECINet ਐਪ ਡਾਊਨਲੋਡ ਕਰੋ।*

### ਅਸੀਂ ਤੁਹਾਡੀ ਮਦਦ ਲਈ ਉਪਲਬਧ ਹਾਂ

**#SIRPunjab2026**

ਸਾਡੇ ਟੋਲ-ਫ੍ਰੀ ਵੋਟਰ ਹੈਲਪਲਾਈਨ ਨੰਬਰ **1950** 'ਤੇ ਕਾਲ ਕਰੋ

voters.eci.gov.in 'ਤੇ ਜਾਓ
ECINet ਐਪ ਡਾਊਨਲੋਡ ਕਰੋ

**ਇੱਕ ਜ਼ਿੰਮੇਵਾਰ ਵੋਟਰ ਬਣੋ, ਗਣਨਾ ਫ਼ਾਰਮ ਭਰੋ**

**ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਲੋਕ ਹਿੱਤ ਵਿੱਚ ਜਾਰੀ**

ਸਾਡੇ ਨਾਲ ਜੁੜੋ @TheCEOPunjab | www.ceopunjab.gov.in